# ਮਸਤੀ ਭਰੀ ਸੁਰਾਹੀ

ਫ਼ਾਰਸੀ ਦੇ ਮਹਾਨ ਸ਼ਾਇਰ ਉਮਰ ਖ਼ਿਆਮ
ਦੀਆਂ ਰੁਬਾਈਆਂ ਦਾ ਉਲਥਾ

ਗੁਰਪੁਰਵਾਸੀ ਸ. ਮਾਨ ਸਿੰਘ, ਜੱਜ, ਹਾਈ ਕੋਰਟ, ਪਟਿਆਲਾ ।

*ਮਸਤੀ ਭਰੀ ਸੁਰਾਹੀ*

ਫ਼ਾਰਸ ਦੇ ਸਰਵਰ ਦੇ ਥੱਲੇ, ਪਲੇ ਖ਼ਿਆਲ ਦੇ ਮੋਤੀ ।
ਇਕ ਇਕ ਸੁਹਲ ਸੁਹਾਵਾ ਲਿਸ਼ਕੇ, ਚੰਦ ਪੁੰਨਿਆ ਜੋਤੀ ।
ਉਮਰ ਖ਼ਿਆਮ ਨੇ ਟੁੱਭੀ ਲਾਕੇ, ਥਲਿਓਂ ਕਢ ਲਿਆਂਦੇ,
ਫ਼ਿਟਜ਼ਜੈਰਲਡ ਅੰਗ੍ਰੇਜ਼ੀ ਧਾਗੇ ਮਾਲਾ ਨਵੀਂ ਪਰੋਤੀ ।

*(ਲੋਵੈਲ)*

ਓ ਮੈਖ਼ਾਨਿਓਂ ਫ਼ਜ਼ਰੇ ਆਵਾਜ਼ ਆਈ ਕਿ ਉਠ ਪੀ ਲੈ ।
ਓ ਦਰ ਸਾਡੇ ਦੇ ਦੀਵਾਨੇ, ਪਿਆਲਾ ਬੇਖ਼ੁਦੀ ਪੀ ਲੈ ।
ਲਿਆ ਓ ਰਿੰਦਾ ! ਭਰ ਦਈਏ ਕਿ ਮਸਤੀ ਵਿਚ ਤੂੰ ਜੀ ਲੈ,
ਮਤਾਂ ਜੀਵਨ ਪਿਆਲਾ ਹੀ ਕਿ ਭਰ ਉਛਲੇ, ਹੁਣੇ ਪੀ ਲੈ ।



ਦਰ ਦਰ ਐਵੇਂ ਚਾਹੀਏ ਨਾਹੀਂ ਭੌਣਾ ਵਾਂਗ ਸ਼ੁਦਾਈ ।
ਚੰਗਾ ਭਲਾ ਕਾਲ ਜੋ ਕਰਦਾ ਰਖੀਏ ਮੇਲ ਮਿਲਾਈ ।
ਭੌਂਦਾ ਗਗਨ, ਭਾਗ ਦੇ ਪਾਸੇ ਸੁਟ ਨਕਸ਼ ਚਾ ਵਾਹਣ,
ਉਹੋ ਖੇਡ ਖੇਡਣੀ ਪੈਂਦੀ ਰਹੀਏ ਸਦਾ ਰਜ਼ਾਈਂ ।

ਵਿਚ ਉਜਾੜ ਰੁਖ ਦੀ ਛਾਵੇਂ ਮੈਂ ਤੂੰ ਹੋਈਏ ਕੱਲੇ ।
ਮਸਤੀ ਭਰੀ ਸੁਰਾਹੀ ਹੋਵੇ ਇਕ ਰੋਟੀ ਹੋ ਪੱਲੇ ।
ਕੋਲ ਹੋਇ ਇਕ ਕਵਿਤਾ ਪੋਥੀ ਤੂੰ ਹੋ ਰਾਗ ਅਲਾਂਦੀ ,
ਬਣੇ ਉਜਾੜ ਬਹਿਸ਼ਤ ਸੁਹਾਵਾ ਵਾਉ ਸੁਰਗ ਦੀ ਝੱਲੇ ।



ਜਿਸ ਮਹਲੀਂ ਬਹਿਰਾਮ ਗੋਰ ਸੀ ਪੀਂਦਾ ਭਰ ਭਰ ਪਿਆਲੇ ।
ਸ਼ੇਰ ਅਰਾਮ ਕਰੇ ਉਸ ਅੰਦਰ ਹਰਨੀ ਬੱਚੇ ਪਾਲੇ ।
ਫੜਦਾ ਕਿ ਬਹਰਾਮ ਗੋਰ ਖ਼ਰ ਕਰੇ ਸ਼ਿਕਾਰ ਸਦਾਈਂ,
ਦੇਖੋ ਉਸਨੂੰ ਅੱਜ ਗੋਰ* ਨੇ ਰਖਿਆ ਨਪ ਵਿਚਾਲੇ ।

*ਕਬਰ

ਲੋਕੀ ਕਹਿਣ ਬਹਿਸ਼ਤ ਸੁਹਾਵਾ, ਹੂਰਾਂ ਮਿਲਣ ਉਥਾਂਹੀ ।
ਮੈਂ ਆਖਾਂ ਅੰਗੂਰੀ ਰਸ ਦੀ ਮਸਤੀ ਭਰੀ ਸੁਰਾਹੀ ।
ਲੈ ਇਹ ਨਕਦ, ਉਧਾਰ ਛੱਡ ਉਹ, ਹੋ ਰਹੁ ਮਸਤ ਪਿਆਰੇ ,
ਢੋਲ ਦੂਰ ਦੇ ਲਗਣ ਸੁਹਾਵੇ ਚੰਗੇ ਹਨ ਕਿ ਨਾਹੀਂ ?



ਸਦਾ ਫਿਰੰਦੇ ਗਗਨ ਚੱਕ੍ਰ ਵਿਚ ਅਸੀਂ ਹਰਾਨੇ ਫਿਰੀਏ ।
ਜਿਉਂ ਫ਼ਨੂਸ ਦੀ ਖੇਡ ਹੋਵੰਦੀ ਜਗ ਖ਼ਿਆਲ ਵਿਚ ਧਰੀਏ ।
ਸੂਰਜ ਬੱਤੀ ਦਾਨ ਬਣ ਰਿਹਾ ਜਗ ਫ਼ਨੂਸ ਇਹ ਸਾਰਾ,
ਅਸੀਂ ਮੂਰਤਾਂ ਬਣੇ ਏਸ ਵਿਚ ਭ੍ਰਮਣ ਰਾਤ ਦਿਨ ਕਰੀਏ ।

ਟੁਰ ਗਏ ਸਭੇ ਨਾਲ ਦੇ ਸਾਥੀ ਜੋ ਸਨ ਮਿਤਰ ਪਿਆਰੇ ।
ਕਾਲ ਬਲੀ ਨੇ ਇਕ ਇਕ ਕਰਕੇ ਪੈਰਾਂ ਹੇਠ ਲਿਤਾੜੇ ।
ਜੀਵਨ ਦੀ ਮਹਿਫ਼ਲ ਦੇ ਅੰਦਰ ਮਾਨੋ ਦੌਰ ਚਲਾਂਦੇ,
ਦੋ ਤ੍ਰੈ ਪਿਯਾਲੇ ਸਾਥੋਂ ਪਹਿਲੇ ਬੇਸੁਧ ਹੋ ਗਏ ਸਾਰੇ ।



ਮੈਖ਼ਾਨੇ ਵਿਚ ਨਾਮ ਮੇਰਾ ਹੀ ਹੈ ਸ਼ਰਾਬ ਅਖਵਾਂਦਾ ।
ਰਿੰਦੀ ਅਤੇ ਸ਼ਰਾਬ ਪੂਜਣਾ ਸੌਂਹ ਮੇਰੀ ਬਣ ਜਾਂਦੇ ।
ਇਸ ਪਵਿਤ੍ਰ ਮੰਦਰ ਦੇ ਅੰਦਰ ਜਗਤ ਆਤਮਾ ਮੈਂ ਹਾਂ,
ਮੇਰੇ ਇਲਾਹੀ ਰੂਹ ਦਾ ਸੁਹਣਾ ਜਗ ਸਰੀਰ ਦਿਸ ਆਂਦਾ ।

ਤੂੰ ਕੋਈ ਹੈਂ, ਨਾ ਹੋਰ ਰੁਲ ਮੁੜ ਆ ! ਪਛਤਾ ! ਮੁੜ ਆ !
ਤੂੰ ਰਿੰਦ ਹੈਂ, ਬੁਤ ਪੂਜ ਹੈਂ, ਕਾਫ਼ਰ ਭਿ ਹੈਂ, ਮੁੜ ਆ !
ਇਹ ਦਰ ਸਦਾ ਸਭ ਨੂੰ ਖੁੱਲ੍ਹਾ ਇਹ ਨਾ ਨਿਰਾਸਾ ਥਾਂ,
ਸੌ ਵਾਰ ਤੋਬਾ ਭੰਨ ਵੀ ਹੋਸੀ ਮੇਹਰ ਮੁੜ ਆ !



ਜਗਤ ਕੁੰਜ ਵਿਚ ਅਸੀਂ ਤਿੰਨ ਹਾਂ ਮੈਂ, ਮਹਿਬੂਬ, ਸ਼ਰਾਬ ।
ਦੀਨ ਦੁਨੀ ਦਿਲ ਜਾਨ ਪਿਆਲਾ, ਬੰਦੇ ਹੱਥ ਸ਼ਰਾਬ ।
ਰਹਮਤ ਦੀ ਆਸਾ ਨਾ ਰਖਦੇ ਡਰ ਨਾ ਦੇਇ ਅਜ਼ਾਬ,
ਅਸੀਂ ਸੁਤੰਤ੍ਰ ਖ਼ਾਕ ਬਾਦ ਤੋਂ ਲਗੇ ਨਾ ਕੁਫ਼ਰ ਸਵਾਬ ।

ਮਸਤੀ ਪਿਆਲੇ ਭਰ ਭਰ ਪੀਵਾਂ ਰਗ ਰਗ ਮੁਸ਼ਕ ਰਚਾਵੇ ।
ਮਰ ਕੇ ਮਿੱਟੀ ਵਿਚ ਰਲਾਂ ਜਦ ਮੁਸ਼ਕ ਮਿੱਟੀਉਂ ਆਵੇ ।
ਕਦੇ ਕੋਈ ਮਸਤਾਨਾ ਜੇਕਰ ਕਬਰ ਮੇਰੀ ਤੋਂ ਲੰਘੇ,
ਮੁਸ਼ਕ ਮਿੱਟੀਉਂ ਆਵੇ ਉਸ ਨੂੰ ਮਤਵਾਲਾ ਹੋ ਜਾਵੇ ।



ਭੇਦ ਹਕੀਕਤ ਦਾ ਨਾ ਖੁਲ੍ਹਦਾ ਕਰੀਏ ਬਹੁਤ ਵਿਚਾਰਾਂ ।
ਨਾ ਧਨ ਦੌਲਤ ਮਾਲ ਦਿਤਿਆਂ ਬਖ਼ਸ਼ਿਸ਼ ਲੱਖ ਹਜ਼ਾਰਾਂ ।
ਸਾਰੀ ਉਮਰ ਤੜਫ਼ ਕੇ ਜੇਕਰ ਜਾਨ ਹਲਾਲ ਨ ਕਰੀਏ,
ਇਸ ਦੁਨੀਆਂ ਤੋਂ ਉਸ ਦੁਨੀਆਂ ਦਾ ਦੱਸੇ ਕੋਈ ਨ ਦੁਆਰਾ ।

'ਇਕ ਰੱਬ ਹੈ, ਹੋਰ ਕੁਝ ਨਹੀਂ' ਹਾਂ ਨਿਸ਼ਚੇ ਮੈਂ ਜਾਣਾਂ ।
ਕੁਦਰਤ ਦੇ ਦਫ਼ਤਰ ਦੇ ਅੰਦਰ ਮੈਂ ਉਸ ਨੂੰ ਪੜ੍ਹਾਂ ਸਿਆਣਾ ।
ਸੱਚ-ਨੂਰ ਸੰਗ ਅੱਖ ਦਿਲੇ ਦੀ ਜਦ ਦੇਖਣ ਹਾਰੀ ਹੋਈ,
ਨੱਸਿਆ ਕੁਫ਼ਰ ਹਨੇਰਾ, ਹੋਯਾ ਤਦ ਵਿਚ ਇਮਾਨ ਟਿਕਾਣਾ ।



ਨਿੱਕੀ ਕੀੜੀ ਦੇ ਨੈਣ ਨੇ ਨੂਰ ਤੁਧੇ ਤੋਂ ਪਾਯਾ ।
ਮੱਖੀ ਦੇ ਨਿਰਬਲ ਪੈਰਾਂ ਨੂੰ ਬਲ ਤੂੰ ਆਪ ਦਿਵਾਯਾ ।
ਇਸ ਜੱਗ ਅੰਦਰ ਰਾਜ ਕਰਨ ਹਿਤ ਤੂੰਹੀਉਂ ਇੱਕ ਸੁਹਾਯਾ,
ਕੁੱਲ ਅਯੋਗ ਕੁਕਰਮ ਤੁਧੇ ਤੋਂ ਕੋਹਾਂ ਦੂਰ ਰਹਾਯਾ ।

ਅਕਲ ਸਿਆਣਪਾਂ ਮਹਲ ਤੁਸਾਡੇ ਪਹੁੰਚ ਨ ਸਕਣ ਸਾਈਂ ।
ਸਾਡੇ ਪਾਪਾਂ ਪੁਨਾਂ ਥੀਂ ਹੋ ਬੇਪਰਵਾਹ ਗੁਸਾਈਂ ।
ਭਾਵੇਂ ਪਾਪਾਂ ਭਰਿਆ, ਪਰ ਮੈਂ ਆਸਾ ਵਿਚ ਰਹਾਂਦਾ,
ਇਕ ਤੇਰੀ ਰਹਿਮਤ ਤੇ ਸੁਹਣੇ ! ਰੱਖਾਂ ਟੇਕ ਸਦਾਈਂ ।



ਕੁਲ ਜਹਾਨ ਦੀ ਹਸਤੀ ਦਾ ਇਕ ਭੇਦ ਤੁਸੀਂ ਹੋ ਪਿਆਰੇ ।
ਤੇਰੀ ਸਿਫ਼ਤ ਸਲਾਹ ਦੇ ਨਕਸ਼ੇ ਘਰ ਦਰ ਦਿਸਣ ਸਾਰੇ ।
ਵਡਿਆਈ ਦੇ ਪੜਦੇ ਅੰਦਰ ਖ਼ਲਕਤ ਤੋਂ ਹੈਂ ਲੁਕਿਆ,
ਪਰ ਖੁਲ੍ਹੇ ਮੂੰਹ ਬੈਠਾ ਮੋਹਨ ਦਿੱਸੇਂ ਪ੍ਰਗਟ ਮਹਾਰੇ ।

ਕਦੇ ਲੁਕ ਜਾਂਵਦੇ ਪਯਾਰੇ ਕਿਸੇ ਨਾ ਮੁਖ ਦਿਖਾਂਦੇ ਹੋ ।
ਕਦੇ ਹਰ ਰੂਪ ਹਰ ਰੰਗਤ ਪ੍ਰਗਟ ਦਰਸ਼ਨ ਦਿਖਾਂਦੇ ਹੋ ।
ਏਹ ਜਲਵਾ ਨੂਰ ਦਾ ਸੁਹਣੇ ਦਿਖਾਉ ਆਪ ਨੂੰ ਆਪੇ,
ਨਜ਼ਰ ਆਪ, ਖੁਦ ਨੈਣਾਂ, ਨਜ਼ਰ ਬਣ ਕੇ ਤਕਾਂਦੇ ਹੋ ।



ਪਹੁੰਚ ਨ ਸੱਕਾਂ ਮਹਲ ਤੁਸਾਡੇ ਅਕਲ ਉਡਾਰੀ ਲਾਵਾਂ ।
ਏਹੋ ਚਿੰਤਾ ਇਹੋ ਲੋਚਾ ਸਿਫ਼ਤ ਸਲਾਹ ਨਿਤ ਗਾਵਾਂ ।
ਕੀ ਜਾਣਾ ਤੂੰ ਕਿਹੋ ਜਿਹਾ ਮੋਹਨ ਊਚੋ ਊਚਾ,
ਜੇਹਾ ਤੂੰ ਤੂੰਹੀਓਂ ਹੀ ਜਾਣੇ ਮੈਂ ਕੀ ਆਖ ਸੁਣਾਵਾਂ ।

ਕਿਹੜਾ ਦਿਲ ਹੈ ਭਾਗਾਂ ਵਾਲਾ ਭੇਦ ਤੇਰੇ ਜੋ ਜਾਣੇ ।
ਕਿਹੜੇ ਕੰਨ ਜੋ ਨਾਦ ਤੁਸਾਂਦਾ ਸੁਣਨ ਸੁਭਾਗ ਸਿਆਣੇ ।
ਸੁਹਣੇ ਪ੍ਰੀਤਮ ! ਹੁਸਨ ਤੁਸਾਂਦਾ ਪਰਗਟ ਨਿਸਦਿਨ ਸਾਰੇ,
ਪਰ ਕਿਥੇ ਅੱਖ ਦੇਖਣ ਵਾਲੀ ਜੋ ਦੀਦਾਰ ਪਛਾਣੇ ।



ਮੇਰਾ ਬਲ ਮੇਰਾ ਤਨ ਜੀਵਨ ਇੱਕੋ ਤੂੰ ਹੈਂ ਪਯਾਰੇ ।
ਦਿਲ ਜਾਨੀ ਦਿਲ ਜਾਨ ਮੇਰਾ ਤੂੰ ਜੀਵਨ ਸਭ ਸੰਸਾਰੇ ।
ਹੋਂਦ ਮੇਰੀ ਤੂੰਹੀਉਂ ਮਾਹੀ ਮੈਂ ਤੂੰ ਵਿਚ ਸਮਾਯਾ,
ਮੈਂ ਨਾ ਰਿਹਾ, ਰਿਹਾ ਇਕ ਤੂੰਹੀਉਂ ਤੂੰ ਤੂੰ ਤੂੰ ਜਗ ਸਾਰੇ ।

ਹੇ ਸੁਹਣੇ ! ਤੂੰ ਸਾਰੇ ਜਗ ਤੋਂ ਚੰਗਾ ਲਗੇਂ ਨਿਆਰਾ ।
ਦਿਲ ਤੋਂ, ਜਾਨੋਂ, ਜਿੰਦੋਂ, ਅੱਖੋਂ ਸਭ ਤੋਂ ਬਹੁਤ ਪਿਆਰਾ ।
ਜਿੰਦ ਜਾਨ ਤੋਂ ਸੁਹਣੇ ! ਜਗ ਵਿਚ ਪਯਾਰਾ ਹੋਰ ਨ ਕੋਈ,
ਜਿੰਦੋਂ ਲੱਖ ਗੁਣਾ ਤੂੰ ਪਯਾਰਾ, ਸਭ ਕੁਛ ਤੈਥੋਂ ਵਾਰਾਂ ।



ਬੁਤ ਦਾ ਮੁਖ ਜੇ ਤੇਰੇ ਜਿਹਾ ਬੁਤ ਪੂਜਾ ਹੈ ਚੰਗੀ ।
ਮਿਲੇ ਸ਼ਰਾਬ ਜੇ ਤੇਰੇ ਪਿਆਲਿਉਂ ਮਸਤੀ ਹੈ ਖੁਸ਼ਰੰਗੀ ।
ਤੇਰੇ ਇਸ਼ਕ ਦੀ ਹਸਤੀ ਅੰਦਰ "ਮੈਂ" ਅਣਹੋਂਦ ਬਣਾਈ,
ਇਹ 'ਅਣਹੋਂਦ' ਹਜ਼ਾਰ ਹੋਂਦ ਤੋਂ ਚੰਗੀ ਭਰੀ ਉਮੰਗੀ ।

ਦਿਲ ਨਾ ਉਹ ਜੋ ਤੇਰੇ ਬਿਰਹੋਂ ਵਿਚ ਲਹੂ ਵਗਾਂਦਾ ਨਾਹੀਂ ।
ਕੋਈ ਨ ਨੈਣਾਂ ਵਾਲਾ ਜੋ ਤੈਂ ਰਾਹ ਤਕਾਂਦਾ ਨਾਹੀਂ ।
ਤੇਰਾ ਸਿਰ ਤਾਂ ਕਿਸ ਹੀ ਪਿਛੇ ਨਹੀਂ ਸ਼ੁਦਾਈ ਪਿਆਰੇ,
ਪਰ ਸਿਰ ਨਹੀਂ ਜੋ ਤੇਰੀ ਖ਼ਾਤਰ ਹੋ ਨਾ ਰਿਹਾ ਸ਼ੁਦਾਈ ।



ਗ਼ਮਾਂ ਭਰਿਆ ਦਿਲ ਤੇਰੇ ਮੇਲ ਵਿਚ ਸਾਜਣ ਖੁਸ਼ੀ ਰਹਾਯਾ ।
ਤੇਰੇ ਬਿਛੋੜੇ ਖੁਸ਼ੀ ਵਿਚ ਵੀ ਦਿਲ ਗ਼ਮਗੀਨ ਬਨਾਯਾ ।
ਤੇਰੇ ਸੰਗ ਦੁਖ ਰੂਪ ਜਗਤ ਨੂੰ ਮੈਂ ਸੁਖ ਰੂਪ ਤਕਾਯਾ,
ਕੀ ਸਿਰ ਮਾਰਾਂ ਦੁਨੀਆਂ ਨੂੰ ਜਦ ਤੇਰਾ ਵਿਛੋੜਾ ਆਯਾ ।

ਕਿਸੇ ਮੁਲ ਤੋਂ ਲਾਲ ਆਪਣਾ ਕਦੇ ਨਾ ਦੇਵਾਂ ਪਯਾਰੇ ।
ਤੇਰੀ ਬਿਰਹੁ ਪੀੜ ਹਿਤ ਮਲ੍ਹਮ ਕਦੇ ਨਾ ਲੇਵਾਂ ਪਯਾਰੇ ।
ਤੇਰੇ ਦਰ ਦੀ ਖ਼ਾਕ ਨਾ ਦੇਵਾਂ ਰਾਜ ਤ੍ਰਿਲੋਕੀ ਬਦਲੇ,
ਦੋ ਜਹਾਨ ਬਦਲੇ ਇਕ ਤੇਰਾ ਵਾਲ ਨਾ ਦੇਵਾਂ ਪਯਾਰੇ ।



ਜੇ ਭਾਵੇਂ ਤਾਂ ਰਖ ਬਿਰਹੋਂ ਵਿਚ ਨਿਸਦਿਨ ਕੂਕ ਪੁਕਾਰਾਂ ।
ਜੇ ਭਾਵੇਂ ਤਾਂ ਆ ਮਿਲ ਸੁਹਣੇ ਬਖਸ਼ੋ ਮੌਜ ਬਹਾਰਾਂ ।
ਕੁਝ ਨਾ ਆਖਾਂ ਪਯਾਰੇ ਤੈਨੂੰ ਕਿੰਵ ਰੱਖ ਤੂੰ ਮੈਨੂੰ,
ਜਿਉਂ ਭਾਵੇਂ ਤਿਉਂ ਰਖ ਗੁਸਾਈਂ ਨਿਤ ਨਿਤ ਸ਼ੁਕਰ ਗੁਜ਼ਾਰਾਂ ।

ਕੋਈ ਰਾਤ ਨ ਬੀਤੀ ਸਾਡੀ ਜਦ ਗਗਨ ਨ ਪਹੁੰਚੇ ਹਾਵੇ ।
ਯਾ ਜਦ ਨੈਣੋਂ ਨੀਰ ਵਗਦਿਆਂ ਏ ਸਾਗਰ ਨਾ ਭਰ ਜਾਵੇ ।
ਕੀ ਆਖਿਆ ? ਕੱਲ੍ਹ ਭਲਕੇ ਕੱਠੇ ਹਾਂ ਮਸਤੀ ਪਿਯਾਲਾ ਪੀਸਾਂ,
ਕੀ ਜਾਣਾ ਇਹ ਆਸ਼ਕ ਕਲ੍ਹ ਤਕ ਹਾਂ ! ਜੀਵੇ ਯਾ ਮਰ ਜਾਵੇ ।



ਨੈਣੋਂ ਲਹੂ ਵਗਾਂਦਿਆਂ ਸਿਰ ਇਹ ਧਰਿਆ ਤੇਰੇ ਦੁਆਰੇ ।
ਇਵੇਂ ਕਿਆਮਤ ਤਾਈਂ ਰਹਸੀ ਟਿਕਿਆ ਏਸ ਦੁਆਰੇ ।
ਰੋਜ਼ ਕਿਆਮਤ ਉਠ ਕੇ ਰੂਹਾਂ ਜਦ ਅਰਸ਼ਾਂ ਨੂੰ ਜਾਸਨ,
ਆਪੇ ਆ ਕੇ ਚੁਕੇਂਗਾ ਸਿਰ ਸੁਹਣੇ ਪ੍ਰੀਤਮ ਪਯਾਰੇ ।

ਮੈਂ ਵਿਚ ਤ੍ਰਾਣ ਨਹੀਂ ਹੈ ਸੁਹਣੇ ਦੇਸ ਤੁਸਾਂ ਦੇ ਜਾਵਾਂ ।
ਇਹ ਵੀ ਬਲ ਨਾ ਬਿਰਹੁੰ ਤੇਰੇ ਵਿਚ ਸਾਜਨ ਦਿਵਸ ਬਿਤਾਵਾਂ ।
ਹੀਆ ਨਾ ਪੈਂਦਾ ਪੀੜ ਅਪਨੀ ਕਿਸ ਹੀ ਜਾਇ ਸਣਾਵਾਂ,
ਡਾਢੀ ਪੀੜ ਲਗੇ ਫਿਰ ਮਿਠੀ ਬਿਸਮ ਬਿਸਮ ਹੋਇ ਜਾਵਾਂ ।

*ਮਸਤੀ ਭਰੀ ਸੁਰਾਹੀ*

ਭਰਾਂ ਜੁ ਹਾਵੇ ਤੇਰੇ ਬਿਰਹ ਵਿਚ ਭਰਾਂ ਨਾ ਮਹਰਮ ਅਗੇ ।
ਸਾਹ ਜੋ ਲਵਾਂ ਤੇਰੀ ਖਾਤਰ ਲਵਾਂ ਨਾ ਹਮਦਮ ਅਗੇ ।
ਜੇ ਜਾਣਾਂ ਉਹ ਤੇਰੇ ਬਾਝੋਂ ਗ਼ੈਰ ਕੋਈ ਹੈ ਸੁਣਦਾ,
ਕਸਮ ਰੱਬ ਦੀ ਮੈਂ ਮਰ ਜਾਵਾਂ ਲੈਣੋ ਇਕ ਦਮ ਅੱਗੇ ।

ਸੁਬਹ ਦੀ ਪੌਣ ਤੋਂ ਦਿਲ ਨੇ ਸੁਗੰਧੀ ਜੋ ਤੇਰੀ ਪਾਈ ।
ਗਿਆਓ ਛਡ ਦਿਲ ਮੈਨੂੰ ਤੇਰੀ ਭਾਲ ਸਿਰ ਚਾਈ ।
ਨ ਰੱਤੀ ਯਾਦ ਕਰਦਾ ਹੈ ਕਦੇ ਮੇਰਾ ਓ ਦਿਲ ਮੈਨੂੰ,
ਸੁਗੰਧੀ ਜੋ ਤੇਰੀ ਪਾਈ ਤ ਵਾਦੀ ਵੀ ਤੇਰੀ ਆਈ ।



ਕੁਲ ਆਲਮ ਸਿਰਤਾਜ ਸੁਆਮੀ ਸ਼ਾਹਨਸ਼ਾਹ ਗੁਸਾਈਂ ।
ਆਸ਼ਕ ਹੋ ਮੈਂ ਤੇਰੇ ਕੂਚੇ ਆ ਵੜਿਆ ਹਾਂ ਸਾਈਂ ।
ਤੇਰੇ ਅਚਰਜ ਚੋਜਾਂ ਦੇ ਮੈਂ ਗੀਤ ਸਚੜੇ ਗਾਵਾਂ,
'ਸਭ ਕੁਛ ਹੋਇ ਵਿਨਾਸ਼, ਇਕਤੂੰ ਤੂੰਹੀਓਂ ਅਚਲ ਸਦਾਈਂ'।

ਮੈਂ ਤੇ ਤੂੰ ਪਰਕਾਰ ਵਾਂਗ ਹਾਂ ਅਸਲੋਂ ਇੱਕ ਪਿਆਰੇ ।
ਤਨ ਸਾਡਾ ਦੋਹਾਂ ਦਾ ਇੱਕੋ ਭਾਵੇਂ ਸਿਰੇ ਨਿਆਰੇ ।
ਘੇਰੇ ਉਤੇ ਫਿਰਦੇ ਭੀ ਹਾਂ ਇਕਤ ਨੁਕਤੇ ਭੌਂਦੇ,
ਓੜਕ ਇਕ ਥਾਂ ਆ ਕੇ ਮਿਲਸਾਂ ਵਿੱਥਾਂ ਮੇਟ ਪਿਆਰੇ ।

ਮਸਤੀ ਭਰੀ ਸੁਰਾਹੀ

ਤੇਰਾ ਦੀਦਾਰ ਪਾ ਗ਼ਮਗੀਨ ਦਿਲ ਹੈ ਖਿੜ ਪਿਆ ਮੇਰਾ ।
ਨ ਦਿੱਸੇ ਦੂਸਰਾ ਕੋਈ ਜੁ ਤੱਕਾਂ ਮੈਂ ਇਹ ਮੁਖ ਤੇਰਾ ।
ਜੁ ਤੱਕਾਂ ਮੈਂ ਤੇਰੀ ਵੰਨੇ ਤਾਂ ਦਿੱਸੇ ਆਪਣਾ ਆਪਾ,
ਜੁ ਤੱਕਾਂ ਆਪਣੇ ਅੰਦਰ ਤਾਂ ਦਿਸੇ ਰੂਪ ਹੀ ਤੇਰਾ ।

ਕਿ ਦੁਖੀਆਂ ਦਰਦ ਮੰਦਾਂ ਦੀ ਦਵਾ ਹੋ ਜਾਣਦੇ ਪਯਾਰੇ ।
ਨਿਵਾਰਣ ਜਾਣਦੇ ਹੋ ਮਸਤ ਲੋਕਾਂ ਦੇ ਜੁ ਦੁਖ ਸਾਰੇ ।
ਕਿ ਲੱਖਾਂ ਹੀ ਗੁਣਾਂ ਦੁਖੜੇ ਬਿਨਾਂ ਦੱਸੇ ਤੁਸੀਂ ਜਾਣੋ,
ਜੁ ਪੀੜ ਹੈ ਮੇਰੇ ਦਿਲ ਦੀ ਸੁਣਾਵਾਂ ਆਪ ਨੂੰ ਪਿਆਰੇ ।

*ਮਸਤੀ ਭਰੀ ਸੁਰਾਹੀ*

ਜੀਵਨ ਮੇਰੇ ਦਾ ਤੂੰ ਜੀਵਨ ਪ੍ਰਾਨ ਮੇਰੇ ਦੇ ਪ੍ਰਾਨ ।
ਤੇਰੇ ਗੁਣ ਮੈਂ ਦੇਖ ਦੇਖ ਕੇ ਆਜਜ਼ ਹਾਂ ਹੈਰਾਨ ।
ਮੇਰੀ ਅੱਖ ਵਿਚ ਨਜ਼ਰ ਤੁਸੀਂ ਹੋ ਦਿੱਸੇ ਤਦੇ ਜਹਾਨ,
ਮੇਰੀ ਬੁੱਧਿ ਵਿਚ ਚਾਨਣ ਤੇਰਾ ਤਾਂ ਹੈ ਮੈਨੂੰ ਗਯਾਨ ।

ਸਾਈਂ ਵਾਲੇ ਮਹਰਮ ਸਾਜਨ ਜਾਨ ਉਨ੍ਹਾਂ ਤੋਂ ਵਾਰਾਂ ।
ਲੱਖ ਸ਼ੁਕਰ ਸਜਨਾ ਦੇ ਪੈਰੀਂ ਸੀਸ ਧਰਾਂ ਲੱਖ ਵਾਰਾਂ ।
ਜੇ ਇਸ ਜੀਵਨ ਅੰਦਰ ਨਿਸ਼ਚਿਤ ਨਰਕ ਦੇਖਨਾ ਚਾਹੇਂ,
ਸਾਈਓਂ ਟੁੱਟੇ ਨਾ ਮਹਰਮ ਦਾ ਸੰਗ, ਨਰਕ ਹੈ ਭਾਰਾ ।

ਮਸਤੀ ਭਰੀ ਸੁਰਾਹੀ

ਰਿੰਦੀ ਘਰ ਤੋਂ ਬੁਰੇ ਹਾਲ ਵਿਚ ਮੈਨੂੰ ਚੁੱਕ ਲਿਆਏ ।
ਮੈਖਾਨੇ ਵਿਚ ਲੈ ਗਏ ਮੈਨੂੰ ਪਯਾਲੇ ਪੇਸ਼ ਕਰਾਏ ।
ਮੈਂ ਜਦ ਕਿਹਾ ਸ਼ਰਾਬ ਨਾਲ ਹੈ ਲੋੜ ਕਬਾਬ ਪਿਆਰੇ,
ਦਿਲ ਮੇਰਾ ਲੈ ਗਏ ਕਢ ਕੇ ਕਰ ਕਬਾਬ ਲੈ ਆਏ ।

ਕਦ ਤਾਈਂ ਅਗਯਾਨ ਆਪਣਾ ਜ਼ਾਹਰ ਪਿਆ ਕਰਾਵਾਂ ।
ਦਿਲ ਮੇਰਾ ਹੋ ਰਿਹਾ ਹਿਰਾਨਾ ਰਾਹ ਨ ਕੋਈ ਪਾਵਾਂ ।
ਹੁਯ ਮੈਂ ਜੰਞੂ ਕਾਫ਼ਰ ਵਾਲਾ ਪਾਵਾਂਗਾ ਗਲ ਪਯਾਰੇ,
ਕਿਉਂ ਜੋ ਮੁਸਲਮਾਨੀਉਂ ਆਪਣੀ ਸ਼ਰਮ ਸਦਾ ਮੈਂ ਖਾਵਾਂ ।

*ਮਸਤੀ ਭਰੀ ਸੁਰਾਹੀ*

ਹੈ ਸ਼ਰਾਬ ਤਨ ਜਾਨ ਮੇਰੀ ਦੀ ਸ਼ਕਤੀ ਤ੍ਰਾਣ ਪਿਆਰੇ ।
ਗੁਪਤ ਭੇਦ ਨੂੰ ਪਰਗਟ ਕਰਦੀ ਏਹੋ ਨੈਨ ਉਘਾਰੇ ।
ਮੂਲੋਂ ਹੋਰ ਤਲਬ ਨਾ ਮੈਨੂੰ ਦੀਨ ਦੁਨੀ ਦੀ ਕੋਈ,
ਇਕ ਘੁਟ ਜੇ ਮਿਲੇ ਕਿਥਾਉਂ ਦੋ ਜਹਾਨ ਫਿਰ ਵਾਰੇ ।

ਵਿਚ ਇਸ਼ਕ ਦੇ ਮੈਖਾਨੇ ਦੇ ਨਿਵਯਾ ਸਾਨੂੰ ਸਰਦਾ ।
ਉਸਦੇ ਮੁਖ ਦੇ ਸ਼ਮਾ ਸਾਹਮਣੇ ਹਿਰਦਾ ਪੰਘਰ ਵਗਦਾ ।
ਨਾਲ ਸ਼ਰਾਬ ਇਸ਼ਕ ਦੀ ਯਾਰਾ ਵਜ਼ੂ ਤਿਥਾਈਂ ਕਰਕੇ,
ਵਿਚ ਹਜ਼ੂਰੀ ਸੁਹਣੇ ਬੁਤ ਦੀ ਮੈਂ ਨਮਾਜ਼ ਹਾਂ ਪੜ੍ਹਦਾ ।

*ਮਸਤੀ ਭਰੀ ਸੁਰਾਹੀ*

ਇਹ ਨਾ ਸਮਝ ਕਿ ਮੈਂ ਆਪੇ ਹਾਂ ਏਸ ਹੋਂਦ ਵਿਚ ਆਯਾ ।
ਯਾ ਇਹ ਮਹਾਂ ਭਿਆਨਕ ਰਸਤਾ ਮੈਂ ਹੈ ਆਪ ਮੁਕਾਯਾ ।
ਮੇਰੀ ਹੋਂਦ ਹਕੀਕਤ ਹੈ ਸੀ ਹੁਕਮ ਉਸਦੇ ਅੰਦਰ,
ਕੀ ਸਾਂ, ਕਦੋਂ ਤਿ ਕਿੱਥੇ ਸਾਂ ਮੈਂ ਕਿੰਵ ਇਹ ਰੂਪ ਧਰਾਯਾ ।

ਮੈਂ ਵਿਚ ਤ੍ਰਾਣ ਨਹੀਂ ਹੈ ਸੁਹਣੇ ਦੇਸ ਤੁਸਾਂ ਦੇ ਜਾਵਾਂ ।
ਇਹ ਵੀ ਬਲ ਨਾ ਬਿਰਹੁੰ ਤੇਰੇ ਵਿਚ ਸਾਜਨ ਦਿਵਸ ਬਿਤਾਵਾਂ ।
ਜੀਆ ਨਾ ਪੈਂਦਾ ਪੀੜ ਅਪਨੀ ਕਿਸ ਹੀ ਜਾਇ ਸਣਾਵਾਂ,
ਡਾਢੀ ਪੀੜ ਲਗੇ ਫਿਰ ਮਿਠੀ ਬਿਸਮ ਬਿਸਮ ਹੋਇ ਜਾਵਾਂ ।



ਰਬ ਵਾਸਤੇ ਦੀਨਾਂ ਉਪਰ ਸਾਕੀ ਮਿਹਰ ਤਕਾਈਂ ।
ਰੱਬ ਵਾਸਤੇ ਤ੍ਰਿਸ਼ਨਾ ਦਾ ਤਪ ਮੇਰਾ ਦੂਰ ਕਰਾਈਂ ।
ਮੋਈ ਹੋਈ ਮੱਛੀ ਮੈਂ ਸਾਜਨ ! ਆਬਹਯਾਤ ਤੁਸੀਂ ਹੋ ,
ਰੱਭ ਵਾਸਤੇ ਆ ਮਿਲ ਸੁਹਣੇ ! ਮੋਈ ਫੇਰ ਜਿਵਾਈਂ ।

ਫਾਥਾ ਕਾਮ ਵਾਸ਼ਨਾ ਦੇ ਵਿਚ ਆਪਾ ਪਿਆ ਰੁਲਾਵੇਂ ।
ਇਸ ਸੁਹਣੀ ਜਿੰਦੜੀ ਨੂੰ ਭੋਲੇ ਕਿਉਂ ਦੁੱਖਾਂ ਵਿਚ ਪਾਂਵੇਂ ।
ਸੱਚ ਜਾਣ ਇਹ ਸੁੱਖ ਵਿਸ਼ਿਆ ਦੇ ਆਫ਼ਤ ਜਾਨ ਤੇਰੀ ਦੇ,
ਜਿਨ੍ਹਾਂ ਸੁੱਖਾਂ ਨੂੰ ਮੰਗੇ ਲੋੜੇਂ ਨਿਸ ਦਿਨ ਲੋਚ ਲੁਚਾਵੇਂ ।

*ਮਸਤੀ ਭਰੀ ਸੁਰਾਹੀ*

ਲਾਲ ਪਿਆਲੀ ਮਸਤੀ ਵਾਲੀ ਚਾੜ੍ਹੇ ਗੂੜ੍ਹੀ ਲਾਲੀ ।
ਮੈਨੂੰ ਡਾਢੀ ਪਯਾਸ ਤੁਧੇ ਦੀ ਭਰ ਭਰ ਪੀਆਂ ਪਿਆਲੀ ।
ਐਨੀ ਪੀਆਂ ਕਿ ਦੂਰੋਂ ਹੀ ਵੀ ਜੇ ਕੋਈ ਮੈਨੂੰ ਦੇਖੇ,
ਕਹੇ ! ਸ਼ਰਾਬੀ ਖ਼ਵਾਜੀ ਕਿਥੋਂ ਆਯਾ ਹੈਂ ਖ਼ੁਸ਼ਹਾਲੀ ।

ਪੀ ਸ਼ਰਾਬ ਪਯਾਲਾ ਖੁਸ਼ ਰਹੀਏ ਚੰਗਾ ਹੈ ਇਹ ਭਾਈ ।
ਅਗਲੀ ਪਿਛਲੀ ਹੁਣੀ ਦੀ ਸਾਰੀ ਦਈਏ ਦਿਲੋਂ ਭੁਲਾਈ ।
ਨਾਸਵਾਨ ਇਸ ਜੀਵਨ ਰੂਪੀ ਬੰਦੀ ਖਾਨੇ ਅੰਦਰ,
ਪਲ ਭਰ ਲਈ ਅਕਲ ਦੇ ਕੈਦੋਂ ਛੁੱਟੀ ਮਿਲੇ ਕਿਦਾਈਂ ।

*ਮਸਤੀ ਭਰੀ ਸੁਰਾਹੀ*

ਜਿਸ ਭੌਂਦੇ ਚੱਕਰ ਵਿਚ ਮੈਂ ਹਾਂ ਆਵਾਂ ਤੇ ਟੁਰ ਜਾਂਦਾ ।
ਆਦਿ ਅੰਤ ਨਾ ਇਸ ਦਾ ਦਿਸਦਾ ਥਹੁ ਨ ਨਜ਼ਰੀਂ ਆਂਦਾ ।
ਕਿਥੋਂ ਆਯਾ ਕਿਥੇ ਜਾਵਾਂ? ਪਤਾ ਨ ਕੋਈ ਠਿਕਾਣਾ,
ਭੇਦ ਨ ਜਾਣੇ ਕੋਈ ਸਿਆਣਾ ਕੋਈ ਨ ਖੋਲ੍ਹ ਸੁਣਾਂਦਾ ।

ਕਹਣ ਕੁਰਾਨ ਸ਼ਰੀਫ ਸੁਹਾਵਾ ਅਹੇ ਕਲਾਮ ਇਲਾਹੀ ।
ਪੜ੍ਹ ਸਕਦੇ ਪਰ ਮੋਮਨ ਇਸਨੂੰ ਕੇਵਲ ਕਦੇ ਕਦਾਈਂ ।
ਪਰ ਵਿਚ ਨਕਸ਼ ਅਸਾਂ ਦੀ ਪਯਾਲੇ ਰੌਸ਼ਨ ਆਇਤ ਐਸੀ,
ਜਿਸ ਨੂੰ ਲੋਕੀ ਸਾਰੇ ਹਰ ਥਾਂ ਪੜ੍ਹਦੇ ਹੈਨ ਸਦਾਈਂ ।

*ਮਸਤੀ ਭਰੀ ਸੁਰਾਹੀ*